# ਅੰਤਿਕਾ 2

## ਸੱਚਿਆਈ ਦੇ ਵਚਨ ਦਾ ਯਥਾਰਥ ਵਿਖਿਆਨ ਕਰਨ ਲਈ ਅਧਿਐਨ ਵਾਸਤੇ ਮਦਦ

*''ਆਪਣੇ ਆਪ ਨੂੰ ਪ੍ਰਮੇਸ਼ਵਰ ਦੇ ਅੱਗੇ ਪ੍ਰਵਾਨ ਅਤੇ ਅਜਿਹਾ ਕਾਰੀਗਰ ਠਹਿਰਾਉਣ ਦਾ ਯਤਨ ਕਰ ਜਿਹਨੂੰ ਲੱਜਿਆਵਾਨ ਨਾ ਹੋਣਾ ਪਵੇ ਅਤੇ ਜਿਹੜਾ ਸੱਚਿਆਈ ਦੇ ਵਚਨ ਦਾ ਯਥਾਰਥ ਵਖਿਆਣ ਕਰਨ ਵਾਲਾ ਹੋਵੇ'' (2 ਤਿਮੋਥਿਉਸ 2:15)।*

ਸਚਿਆਈ ਦੇ ਵਚਨ (ਪਵਿੱਤਰ ਬਾਈਬਲ) ਦਾ ਯਥਾਰਥ ਵਿਖਿਆਣ ਜਾਂ ਸਹੀ ਵਿਆਖਿਆ ਕਰਨਾ ਬਹੁਤ ਜ਼ਰੂਰੀ ਹੈ। ਹੋਰ ਗੱਲਾਂ ਦੇ ਨਾਲ, ਇਹਦਾ ਮਤਲਬ ਇਹ ਹੈ ਕਿ ਪੁਰਾਣੇ ਅਤੇ ਨਵੇਂ ਨੇਮ ਵਿਚ ਫ਼ਰਕ ਨੂੰ ਸਮਝਣਾ ਜ਼ਰੂਰੀ ਹੈ। ਪੁਰਾਣਾ ਨੇਮ ਪਰਛਾਵਾਂ ਹੈ ਜਦ ਕਿ ਨਵਾਂ ਨੇਮ ਹਕੀਕਤ ਹੈ (ਇਬਰਾਨੀਆਂ 10:1)। ਪੁਰਾਣੇ ਨੇਮ ਨੂੰ ''ਸਲੀਬ ਉੱਤੇ ਕਿੱਲਾਂ ਨਾਲ ਠੋਕ'' ਦਿੱਤਾ ਗਿਆ ਹੈ; ਅਤੇ ਰੂਹਾਨੀ ਤੌਰ ਤੇ ਹੁਣ ਅਸੀਂ ਨਵੇਂ ਨੇਮ ਦੇ ਅਧੀਨ ਹਾਂ (ਕੁਲੁੱਸੀਆਂ 2:14)। ਪੁਰਾਣਾ ਨੇਮ ਉਦਾਹਰਣਾਂ ਲਈ ਅਤੇ ਇਹ ਵਿਖਾਉਣ ਲਈ ਜ਼ਰੂਰੀ ਹੈ ਕਿ ਪ੍ਰਮੇਸ਼ਵਰ ਕਿਵੇਂ ਆਪਣੇ ਵਾਅਦੇ ਪੂਰੇ ਕਰਦਾ ਹੈ (1 ਕੁਰਿੰਥੀਆਂ 10:6)। ਪ੍ਰਮੇਸ਼ਵਰ ਦੇ ਵਾਅਦੇ ਪੁਰਾਣੇ ਨੇਮ ਵਿਚ ਕੀਤੇ ਗਏ ਪਰ ਨਵੇਂ ਨੇਮ ਵਿਚ ਪੂਰੇ ਹੋਏ। (ਅਗਲੇ ਸਫ਼ੇ ਤੇ ਦਿੱਤੇ ਚਾਰਟ ਦਾ ਅਧਿਐਨ ਕਰੋ।)

## ਸੱਚਿਆਈ ਦੇ ਵਚਨ ਦਾ ਯਥਾਰਥ ਵਖਿਆਣ

2 ਤਿਮੋਥਿਉਸ 2:15

| ਪੁਰਾਣਾ ਨੇਮ<br>ਵਾਅਦੇ ਕੀਤੇ ਗਏ | ਨਵਾਂ ਨੇਮ<br>ਵਾਅਦੇ ਪੂਰੇ ਹੋਏ |
|---|---|
| (ਉਤਪਤ 3:15; 12:3) | |
| 1. ਰਾਜ ਕਾਇਮ ਹੋਣਾ<br>(ਦਾਨੀਏਲ 2:44) | ਮਰਕੁਸ 9:1; ਰਸੂਲਾਂ ਦੇ ਕੰਮ 1:8; 2:1, 4;<br>ਲੂਕਾ 22:29, 30;<br>1 ਕੁਰਿੰਥੀਆਂ 11:23 |
| 2. ਯਹੋਵਾਹ ਦਾ ਭਵਨ ਬਣਾਇਆ ਜਾਣਾ<br>(ਯਸਾਯਾਹ 2:2, 3) | ਇਬਰਾਨੀਆਂ 10:21;<br>1 ਤਿਮੋਥਿਉਸ 3:15 |
| *''ਆਖ਼ਰੀ ਦਿਨਾਂ ਵਿਚ''* | ਰਸੂਲਾਂ ਦੇ ਕੰਮ 2:16, 17;<br>ਇਬਰਾਨੀਆਂ 1:1, 2 |
| *ਯਰੂਸ਼ਲਮ ਤੋਂ ਸ਼ੁਰੂ ਹੋਵੇਗਾ* | ਲੂਕਾ 24:46, 47;<br>ਰਸੂਲਾਂ ਦੇ ਕੰਮ 1:4-8 |
| *ਸਾਰੀਆਂ ਕੌਮਾਂ ਉਸ ਵਿਚ ਆਈਆਂ* | ਰਸੂਲਾਂ ਦੇ ਕੰਮ 2:9; ਰੋਮੀਆਂ 1:16 |
| 3. ਮਸੀਹ ਰਾਜਾ ਹੋਵੇਗਾ<br>(ਯਿਰਮਿਯਾਹ 23:5, 6) | ਮੱਤੀ 28:18;<br>ਰਸੂਲਾਂ ਦੇ ਕੰਮ 2:29-33 |
| 4. ਨਵਾਂ ਨੇਮ ਬੰਨ੍ਹਣਾ<br>(ਯਿਰਮਿਯਾਹ 31:31) | ਮੱਤੀ 16:18, 19;<br>ਰਸੂਲਾਂ ਦੇ ਕੰਮ 2:36-38;<br>ਇਬਰਾਨੀਆਂ 9:15-17 |
| 5. ਪਵਿੱਤਰ ਆਤਮਾ ਦਿੱਤਾ ਜਾਣਾ<br>(ਯੋਏਲ 2:28) | ਰਸੂਲਾਂ ਦੇ ਕੰਮ 2:16-21 |

**ਕਲੀਸੀਆ ਬਾਰੇ ਕੀਤੇ ਗਏ ਸਾਰੇ ਵਾਅਦੇ ਰਸੂਲਾਂ ਦੇ ਕੰਮ 2 ਅਧਿਆਇ ਵਿਚ ਪੂਰੇ ਹੁੰਦੇ ਹਨ, ਜੋ ਕਿ ਇੱਕੋ ਦਿਨ ਅਰਥਾਤ ਪੈਂਟੀਕਾਸਟ ਵਾਲੇ ਦਿਨ ਦੀਆਂ ਘਟਨਾਵਾਂ ਦਾ ਵਰਣਨ ਕਰਦਾ ਹੈ।**

ਰਸੂਲਾਂ ਦੇ ਕੰਮ 2 ਅਧਿਆਇ ਤੋਂ **ਪਹਿਲਾਂ** ਹਰ ਆਇਤ ਰਾਜ ਦੇ **ਭਵਿੱਖ** ਵਿਚ ਹੋਣ ਦੀ ਗੱਲ ਕਰਦੀ ਹੈ (ਯਸਾਯਾਹ 2:2-4; ਮੀਕਾ 4:1, 2; ਦਾਨੀਏਲ 2:44; ਮੱਤੀ 3:1, 2; 6:9, 10; 16:18; ਮਰਕੁਸ 9:1)।

**ਰਸੂਲਾਂ ਦੇ ਕੰਮ 2: ਪੈਂਟੀਕਾਸਟ**

ਰਸੂਲਾਂ ਦੇ ਕੰਮ 2 ਦੇ **ਬਾਅਦ** ਹਰ ਆਇਤ ਰਾਜ ਦੇ **ਹੋਂਦ** ਵਿਚ ਹੋਣ ਦੀ ਗੱਲ ਕਰਦੀ ਹੈ (ਰਸੂਲਾਂ ਦੇ ਕੰਮ 2:47; ਕੁਲੁੱਸੀਆਂ 1:13, 14)।

## ਨਵੀਂ ਮੰਡਲੀ ਨੂੰ ਬਾਈਬਲ ਮੁਤਾਬਕ ਕਿਵੇਂ ਸੰਗਠਿਤ ਕੀਤਾ ਜਾਵੇ?

**ਇਕ ਅਜ਼ਾਦ ਦੇਹ ਦੇ ਰੂਪ ਵਿਚ**-ਪ੍ਰਭੂ ਦੀ ਕਲੀਸੀਆ ਦੀ ਹਰੇਕ ਮੰਡਲੀ ਖੁਦਮੁਖ਼ਤਿਆਰ, ਸੁਤੰਤਰ ਇਕਾਈ ਜਾਂ ਦੇਹ ਹੈ। ਇਕ ਮੰਡਲੀ ਦੂਜੀ ਮੰਡਲੀ ਦੇ ਉੱਤੇ (ਅਧਿਕਾਰੀ) ਕਦੇ ਨਹੀਂ ਹੁੰਦੀ। ਕਲੀਸੀਆ ਦਾ ਸੰਗਠਨ ਹੋਵੇ ਜਾਂ ਕੋਈ ਹੋਰ ਸੰਗਠਨ, ਇਸ ਵਿਚ ਸਥਾਨਕ ਮੰਡਲੀ ਹੀ ਸਭ ਤੋਂ ਵੱਡੀ ਹੈ।

**ਮਸੀਹ ਦੀ ਦੇਹ ਦੇ ਰੂਪ ਵਿਚ**-ਬਾਈਬਲ ਵਿਚ ਕਲੀਸੀਆ ਨੂੰ ''ਮਸੀਹ ਦੀ ਦੇਹ'' ਕਿਹਾ ਗਿਆ ਹੈ। ਇਸ ਅਲੰਕਾਰ ਵਿਚ ਅਸੀਂ ਵੇਖਦੇ ਹਾਂ ਕਿ ''ਮਸੀਹ ਦੇਹ ਦਾ ਸਿਰ'' ਹੈ (ਕੁਲੁੱਸੀਆਂ 1:18; ਅਫ਼ਸੀਆਂ 1:22)। ਜਿਵੇਂ ਸਰੀਰ ਦੀ ਦੇਹ ਦੇ ਹਰੇਕ ਅੰਗ ਦਾ ਆਪੋ ਆਪਣਾ ਕੰਮ ਹੁੰਦਾ ਹੈ, ਉਸੇ ਤਰ੍ਹਾਂ ਮਸੀਹ ਦੀ ਦੇਹ ਵਿਚ ਵੀ ਹੈ। ਕਲੀਸੀਆ ਦਾ ਕੋਈ ਵੀ ਵਿਅਕਤੀ ਦੂਜੇ ਨਾਲੋਂ ਵੱਧ ਮਹੱਤਵਪੂਰਣ ਨਹੀਂ ਹੈ। ਸੰਪੂਰਣ ਦੇਹ ਅਰਥਾਤ ਕਲੀਸੀਆ ਦੀ ਬੇਹਤਰੀ ਲਈ ਹਰੇਕ ਦੀ ਆਪੋ ਆਪਣੀ ਅਹਿਮੀਅਤ ਅਤੇ ਯੋਗਦਾਨ ਹੈ।

**ਯਿਸੂ, ਇੱਕੋ ਇਕ ਸਿਰ ਦੇ ਰੂਪ ਵਿਚ**-ਮਸੀਹ ''ਕਲੀਸੀਆ ਦਾ ਸਿਰ'' ਹੈ ਅਤੇ ਇਸ ਕਰਕੇ ਉਹਨੂੰ ਸਾਰਾ ਇਖ਼ਤਿਆਰ ਹੈ (ਮੱਤੀ 28:18)। ਕਲੀਸੀਆ ਦੀ ਬਣਾਵਟ ਵਿਚ ਕਿਸੇ ਵੀ ਤਰ੍ਹਾਂ ਦਾ ਬਦਲਾਅ ਕਰਨ ਦੀ ਇਜਾਜ਼ਤ ਕਿਸੇ ਨੂੰ ਵੀ ਨਹੀਂ ਹੈ। ਕਿਉਂਕਿ ਅਜਿਹਾ ਕਰਨ ਦਾ ਹੱਕ ਕਿਸੇ ਨੂੰ ਨਹੀਂ ਹੈ।

**ਐਲਡਰਾਂ ਦੀ ਰਹਿਨੁਮਾਈ ਵਿਚ**-ਸਥਾਨਕ ਮੰਡਲੀ ਜਦੋਂ ਗਿਣਤੀ ਅਤੇ ਰੂਹਾਨੀ ਤੌਰ ਤੇ ਵਧਣ ਲੱਗੇ ਤਾਂ ਮੰਡਲੀ ਵਿੱਚੋਂ ਸੇਵਾ ਦੇ ਲਈ ਲੋੜ ਮੁਤਾਬਕ ਘੱਟੋ ਘੱਟ ਦੋ ਪੁਰਖਾਂ ਨੂੰ ਬਜ਼ੁਰਗ (ਐਲਡਰ) ਚੁਣਿਆ ਜਾਣਾ ਚਾਹੀਦਾ ਹੈ। ਇਨ੍ਹਾਂ ਪੁਰਖਾਂ ਨੂੰ ਮੰਡਲੀ ਵੱਲੋਂ ਹੀ ਚੁਣਿਆ ਜਾਣਾ ਚਾਹੀਦਾ ਹੈ; ਉਹ ਆਪਣੇ ਆਪ ਹੀ ਨਿਯੁਕਤ ਨਹੀਂ ਹੁੰਦੇ। ਐਲਡਰਾਂ ਨੂੰ ''ਚਰਵਾਹੇ'' ਕਿਹਾ ਜਾਂਦਾ ਹੈ ਅਤੇ ਉਹ ਇੱਜੜ ਦੀ ਰਖਵਾਲੀ ਅਤੇ ਸੇਵਾ ਕਰਦੇ ਹਨ (1 ਪਤਰਸ 5:1-5)। ਐਲਡਰਾਂ ਦੀ ਯੋਗਤਾ 1 ਤਿਮੋਥਿਉਸ 3:1-8 ਅਤੇ ਤੀਤੁਸ 1:5-8 ਵਿਚ ਮਿਲਦੀ ਹੈ। ਕਲੀਸੀਆ ਬਜ਼ੁਰਗਾਂ (ਐਲਡਰਾਂ) ਅਤੇ ਸੇਵਕਾਂ (ਡੀਕਨਾਂ) ਤੋਂ ਬਗੈਰ ਹੋ ਸਕਦੀ ਹੈ। ਪਹਿਲਾਂ ਤਾਂ ਕਲੀਸੀਆ ਦਾ ਇਨ੍ਹਾਂ ਦੇ ਬਗੈਰ ਹੀ ਹੋਂਦ ਵਿਚ ਆਉਣਾ ਜ਼ਰੂਰੀ ਹੈ, ਕਿਉਂਕਿ ਇਨ੍ਹਾਂ ਅਹੁਦਿਆਂ ਤੇ ਸੇਵਾ ਕਰਨ ਦੀ ਸਮਰੱਥਾ ਪਾਉਣ ਲਈ ਵਰ੍ਹਿਆਂ ਦਾ ਤਜਰਬਾ ਹੋਣਾ ਜ਼ਰੂਰੀ ਹੈ।

**ਸੇਵਾ ਵਾਸਤੇ ਸੇਵਕਾਂ (ਡੀਕਨਾਂ) ਨੂੰ ਠਹਿਰਾਉਣ ਤੋਂ**-ਮਸੀਹੀ ਲੋਕਾਂ ਨੂੰ ਕਲੀਸੀਆ ਦੀ ਸੇਵਾ ਲਈ ਡੀਕਨਾਂ ਦੇ ਅਹੁਦਿਆਂ ਤੇ ਨਿਯੁਕਤ ਕੀਤਾ ਜਾਂਦਾ ਹੈ। ਉਹ ਐਲਡਰਾਂ ਦੇ (ਮੁਤਹਿਤ) ਅਧੀਨ ਕੰਮ ਕਰਦੇ ਹਨ (ਫ਼ਿਲਿੱਪੀਆਂ 1:1; ਰਸੂਲਾਂ ਦੇ ਕੰਮ 20:28)। ਉਨ੍ਹਾਂ ਦੀ ਯੋਗਤਾ 1 ਤਿਮੋਥਿਉਸ 3:8-13 ਵਿਚ ਦਰਜ ਹੈ।

## ਮਸੀਹੀ ਪੁਰਖ

ਕਈ ਤਰ੍ਹਾਂ ਨਾਲ ਮਸੀਹੀ ਪੁਰਖਾਂ ਦੀਆਂ ਜ਼ਿੰਮੇਵਾਰੀਆਂ ਵੀ ਮਸੀਹੀ ਔਰਤਾਂ ਵਾਲੀਆਂ ਹੀ ਹਨ। ਦੋਹਾਂ ਲਈ ਕਲੀਸੀਆ ਦੀਆਂ ਸਭਾਵਾਂ ਵਿਚ ਸੱਚੇ ਮਨੋਂ ਹਾਜ਼ਰ ਹੋਣਾ (ਇਬਰਾਨੀਆਂ 10:25), ਖੁੱਲ੍ਹਦਿਲੀ ਨਾਲ ਚੰਦਾ ਦੇਣਾ (1 ਕੁਰਿੰਥੀਆਂ 16:2), ਸ਼ੁੱਧ ਜੀਵਨ ਜੀਉਣਾ (ਯਾਕੂਬ 1:27), ਖੁਸ਼ਖ਼ਬਰੀ ਦਾ ਪ੍ਰਚਾਰ ਕਰਨਾ (ਮੱਤੀ 28:19, 20), ਬਾਈਬਲ ਅਧਿਐਨ ਕਰਨਾ (2 ਤਿਮੋਥਿਉਸ 2:15; ਵੇਖੋ ਰਸੂਲਾਂ ਦੇ ਕੰਮ 17:11) ਅਤੇ ਰੂਹਾਨੀ ਵਿਕਾਸ ਕਰਨਾ (1 ਪਤਰਸ 2:2) ਜ਼ਰੂਰੀ ਹੈ।

**ਮਸੀਹੀ ਪੁਰਖ ਨੂੰ ਕੀ ਨਹੀਂ ਕਰਨਾ ਚਾਹੀਦਾ:**

1. ਉਹ ਆਪਣੀ ਪਤਨੀ ਅਤੇ ਬੱਚਿਆਂ ਨੂੰ ਗਾਲਾਂ ਨਾ ਦੇਵੇ (ਅਫ਼ਸੀਆਂ 5:25-31; 1 ਪਤਰਸ 3:7; 1 ਥੱਸਲੁਨੀਕੀਆਂ 2:11)।
2. ਉਹ ਝਗੜਾਲੂ ਨਾ ਹੋਵੇ (ਰੋਮੀਆਂ 12:18)।
3. ਉਹ ਬੇਮੁਹਾਰਾ ਨਾ ਹੋਵੇ (1 ਕੁਰਿੰਥੀਆਂ 6:18, 19)।
4. ਉਹ ਅੱਯਾਸ਼ ਨਾ ਹੋਵੇ (2 ਤਿਮੋਥਿਉਸ 3:4; ਤੀਤੁਸ 3:3)।
5. ਉਹ ਬੇਰਹਿਮ ਜਾਂ ਸਖ਼ਤ ਦਿਲੀ ਨਾ ਹੋਵੇ (ਲੂਕਾ 22:62; ਯੂਹੰਨਾ 11:35; ਰਸੂਲਾਂ ਦੇ ਕੰਮ 20:37)।

**ਮਸੀਹੀ ਪੁਰਖ ਨੂੰ ਕੀ ਕਰਨਾ ਚਾਹੀਦਾ ਹੈ:**

1. ਉਸ ਤੇ ਪ੍ਰਭੂ ਦੀ ਕਲੀਸੀਆ ਵਿਚ ਰਹਿਨੁਮਾਈ ਕਰਨ ਦੀ ਜ਼ਿੰਮੇਵਾਰੀ ਹੈ (1 ਤਿਮੋਥਿਉਸ 2:8-15; 1 ਕੁਰਿੰਥੀਆਂ 14:33, 36)।
2. ਉਹ ਪਿਆਰ ਨਾਲ ਆਪਣੇ ਪਰਿਵਾਰ ਦੀ ਰਹਿਨੁਮਾਈ ਕਰੇ (ਅਫ਼ਸੀਆਂ 5:21-33; ਕੁਲੁੱਸੀਆਂ 3:18-21; 1 ਪਤਰਸ 3:1-6; 1 ਕੁਰਿੰਥੀਆਂ 11:2-5)।
3. ਉਹ ਪਰਿਵਾਰ ਦੀਆਂ ਰੂਹਾਨੀ ਅਤੇ ਜਿਸਮਾਨੀ ਲੋੜਾਂ ਨੂੰ ਪੂਰਾ ਕਰੇ (1 ਤਿਮੋਥਿਉਸ 5:8)।
4. ਉਹ ਇਹ ਧਿਆਨ ਰੱਖੇ ਕਿ ਉਹਦੇ ਬੱਚਿਆਂ ਦਾ ਪਾਲਣ ਪੋਸ਼ਣ ਸਹੀ ਢੰਗ ਨਾਲ ਹੋਵੇ (ਅਫ਼ਸੀਆਂ 6:4)।

## ਪੁਰਖਾਂ ਲਈ ਨਵੇਂ ਨੇਮ ਦੇ ''ਆਦਰਸ਼''

1. ਹਰ ਮਸੀਹੀ ਵਿਚ ਕਲੀਸੀਆ ਦੇ ਆਗੂਆਂ ਦੀਆਂ ਯੋਗਤਾਵਾਂ ਪਾਉਣ ਦੀ ਖ਼ਾਹਿਸ਼ ਹੋਣੀ ਚਾਹੀਦੀ ਹੈ। (210 ਸਫ਼ੇ ਤੇ ''ਜੋ ਗੱਲਾਂ ਐਲਡਰਾਂ ਵਿਚ ਹੋਣੀਆਂ ਜ਼ਰੂਰੀ ਹਨ, ਉਹੀ ਹਰ ਮਸੀਹੀ ਵਿਚ ਵੀ ਹੋਣੀਆਂ ਜ਼ਰੂਰੀ ਹਨ'' ਸਿਰਲੇਖ ਵਾਲਾ ਚਾਰਟ ਵੇਖੋ।)
2. ਉਨ੍ਹਾਂ ਨੂੰ ਯਿਸੂ ਵਾਂਗ, ਸੇਵਕ ਬਣ ਕੇ ਅਗਵਾਈ ਕਰਨੀ ਚਾਹੀਦੀ ਹੈ (ਲੂਕਾ 22:27)।
3. ਪੁਰਖ ਬਰਨਬਾਸ ਵਾਂਗ, ਧਨ ਨਾਲ ਚੰਦਾ ਦੇਣ ਅਤੇ ਜੋਸ਼ ਭਰਨ ਵਾਲੇ ਹੋ ਸਕਦੇ ਹਨ (ਰਸੂਲਾਂ ਦੇ ਕੰਮ 4:36, 37)।
4. ਫ਼ਿਲੇਮੋਨ ਵਾਂਗ, ਲੋਕ ਮਸੀਹੀ ਸਾਥੀਆਂ ਲਈ ਆਪਣੇ ਘਰਾਂ ਦੇ ਬੂਹੇ ਖੋਲ੍ਹ ਸਕਦੇ ਹਨ (ਫ਼ਿਲੇਮੋਨ 2) ਅਤੇ ਭਾਈਚਾਰੇ ਦੀ ਬੇਹਤਰੀ ਲਈ ਨਿੱਜੀ ਤੁਫ਼ਰਕੇ ਭੁਲਾ ਸਕਦੇ ਹਨ (ਫ਼ਿਲੇਮੋਨ 10-20)।

# ਮਸੀਹੀ ਔਰਤ

**ਵਚਨ ਮੁਤਾਬਕ ਮਸੀਹੀ ਔਰਤ ਕੀ ਨਹੀਂ ਕਰ ਸਕਦੀ:**

1. ਉਸ ਨੂੰ ਕਲੀਸੀਆ ਦੀ ਸਭਾ ਵਿਚ ਅਗਵਾਈ ਕਰਨ ਦੀ ਮਨਾਹੀ ਹੈ (1 ਕੁਰਿੰਥੀਆਂ 14:34, 35; ਵੇਖੋ 14:19, 23, 26, 28)। ਸਭਾ ਵਿਚ ਪ੍ਰਚਾਰਕ ਬੋਲਦੇ ਹਨ, ਇਸ ਕਰਕੇ ਮਸੀਹੀ ਔਰਤਾਂ ਪ੍ਰਚਾਰਕਾਂ ਦੇ ਰੂਪ ਵਿਚ ਸੇਵਾ ਨਾ ਕਰਨ।

2. ਉਸ ਨੂੰ ਪੁਰਖ ਉੱਤੇ ਅਧਿਕਾਰ ਚਲਾਉਣ ਦਾ ਇਖ਼ਤਿਆਰ ਨਹੀਂ ਹੈ; ਇਸ ਲਈ ਉਹ ਐਲਡਰ ਜਾਂ ਡੀਕਨ ਦੇ ਰੂਪ ਵਿਚ ਸੇਵਾ ਨਹੀਂ ਕਰ ਸਕਦੀ (1 ਤਿਮੋਥਿਉਸ 2:12; 3:2)।

3. ਉਸ ਨੂੰ ਆਪਣੇ ਪਤੀ ਦੇ ਇਖ਼ਤਿਆਰ ਨੂੰ ਚੁਣੌਤੀ ਦੇਣ ਦਾ ਇਖ਼ਤਿਆਰ ਨਹੀਂ ਹੈ (1 ਕੁਰਿੰਥੀਆਂ 11)।

**ਵਚਨ ਮੁਤਾਬਕ ਮਸੀਹੀ ਔਰਤ ਕੀ ਕਰ ਸਕਦੀ ਹੈ:**

1. ਉਸ ਨੂੰ ਅਜਿਹੇ ਕਿਸੇ ਕੰਮ ਵਿਚ ਅਗਵਾਈ ਕਰਨ ਦੀ ਮਨਾਹੀ ਨਹੀਂ ਹੈ ਜਿਸ ਵਿਚ ਉਹਦਾ ਪੁਰਖਾਂ ਉੱਤੇ ਇਖ਼ਤਿਆਰ ਨਾ ਹੋਵੇ।

2. ਉਸ ਨੂੰ ਔਰਤਾਂ ਜਾਂ ਬੱਚਿਆਂ ਨੂੰ ਸਿਖਾਉਣ ਦੀ ਮਨਾਹੀ ਨਹੀਂ ਹੈ। ਕੁਝ ਹਲਾਤਾਂ ਵਿਚ ਉਹ ਪੁਰਖਾਂ ਨੂੰ ਸਿਖਾ ਸਕਦੀ ਹੈ ਜਾਂ ਸਿਖਾਉਣ ਵਿਚ ਮਦਦ ਵੀ ਕਰ ਸਕਦੀ ਹੈ (ਰਸੂਲਾਂ ਦੇ ਕੰਮ 18:24-28; ਤੀਤੁਸ 2:4)।

3. ਉਸ ਨੂੰ ਕਿਸੇ ਨੂੰ ਕਲੀਸੀਆ ਵਿਚ ਲਿਆਉਣ ਲਈ ਕੋਸ਼ਿਸ਼ ਕਰਨ ਦੀ ਮਨਾਹੀ ਨਹੀਂ ਹੈ।

4. ਉਸ ਨੂੰ ਕਲੀਸੀਆ ਲਈ ਕੰਮ ਕਰਨ, ਬਲਕਿ ਅਜਿਹਾ ਕੰਮ ਕਰ ਕੇ ਤਨਖਾਹ ਲੈਣ ਦੀ ਵੀ ਮਨਾਹੀ ਨਹੀਂ ਹੈ ਜੋ ਬਾਈਬਲ ਮੁਤਾਬਕ ਉਸ ਲਈ ਕਰਨਾ ਸਹੀ ਹੋਵੇ।

# ਔਰਤਾਂ ਲਈ ਨਵੇਂ ਨੇਮ ਦੇ ''ਆਦਰਸ਼''

1. ਯਿਸੂ ਦੇ ਨਾਲ ਔਰਤਾਂ ਰਹਿੰਦੀਆਂ ਸਨ ਅਤੇ ਉਹਦੀ ਸਿੱਖਿਆ ਵਿਚ ਧਨ ਨਾਲ ਉਹਦੀ ਮਦਦ ਕਰਦੀਆਂ ਸਨ (ਮੱਤੀ 27:55; ਲੂਕਾ 8:1-3)।

2. ਲਾਜ਼ਰ ਦੀ ਭੈਣ ਮਰੀਅਮ, ਪ੍ਰਭੂ ਦੇ ਵਚਨ ਨੂੰ ਉਹਦੇ ਕਦਮਾਂ ਵਿਚ ਬੈਠ ਕੇ ਸੁਣਦੀ ਸੀ (ਲੂਕਾ 10:39, 42)।

3. ਮਰੀਅਮ ਮਗਦਲੀਨੀ ਯਿਸੂ ਦੀ ਸਮਰਪਤ ਚੇਲੀ ਸੀ, ਜੋ ਜੀ ਉੱਠੇ ਪ੍ਰਭੂ ਬਾਰੇ ਲੋਕਾਂ ਨੂੰ ਬੜੀ ਸਰਗਰਮੀ ਨਾਲ ਦੱਸਦੀ ਸੀ (ਯੂਹੰਨਾ 20:1-18)।

4. ਦੋਰਕਾਸ, ਅਰਥਾਤ ਤਬਿਥਾ ''ਸ਼ੁਭ ਕਰਮਾਂ ਅਤੇ ਪੁੰਨ ਦਾਨ ਕਰਨ ਵਿਚ ਰੁੱਝੀ ਰਹਿੰਦੀ ਸੀ'' (ਰਸੂਲਾਂ ਦੇ ਕੰਮ 9:36)।

5. ''ਕਲੀਸੀਆ ਦੀ ਸੇਵਕਾ'' ਫ਼ੀਬੀ ਪੌਲੁਸ ਦੀ ਮਦਦਗਾਰ ਸੀ (ਰੋਮੀਆਂ 16:1, 2)।

6. ਪ੍ਰਿਸਕਿੱਲਾ ਇਕ ਵਫ਼ਾਦਾਰ ਪਤਨੀ, ਇਕ ਰਸੂਲ ਦੀ ਸਹਾਇਕ ਅਤੇ ਮਿਸ਼ਨਰੀ ਸੀ। ਆਪਣੇ ਪਤੀ ਨਾਲ ਉਹਨੇ ਆਪਣੇ ਘਰ ਵਿਚ ਕਲੀਸੀਆ ਨੂੰ ਥਾਂ ਦਿੱਤੀ ਸੀ (ਰੋਮੀਆਂ 16:3-5; ਰਸੂਲਾਂ ਦੇ ਕੰਮ 18:1-3; ਰਸੂਲਾਂ ਦੇ ਕੰਮ 18:24-28 ਵੀ ਵੇਖੋ)।

## ਜੋ ਗੱਲਾਂ ਐਲਡਰਾਂ ਵਿਚ ਹੋਣੀਆਂ ਜ਼ਰੂਰੀ ਹਨ, ਉਹੀ ਹਰ ਮਸੀਹੀ ਵਿਚ ਵੀ ਹੋਣੀਆਂ ਜ਼ਰੂਰੀ ਹਨ

| ਐਲਡਰ | ਯੋਗਤਾਵਾਂ | ਹਰ ਮਸੀਹੀ |
|---|---|---|
| 1 ਤਿਮੋਥਿਉਸ 3:2 | *ਨਿਰਦੋਸ਼ (ਨਿਹਕਲੰਕ)* | 1 ਤਿਮੋਥਿਉਸ 5:7; 6:14 |
| 1 ਤਿਮੋਥਿਉਸ 3:2 | *ਪ੍ਰਹੇਜ਼ਗਾਰ (ਚੌਕਸ)* | 1 ਪਤਰਸ 1:13; 4:7; 5:8 |
| 1 ਤਿਮੋਥਿਉਸ 3:2 | *ਸੁਰਤ ਵਾਲਾ (ਸਮਝਦਾਰ; ਗੰਭੀਰ)* | ਤੀਤੁਸ 2:2, 5; ਰੋਮੀਆਂ 12:3 |
| 1 ਤਿਮੋਥਿਉਸ 3:2 | *ਪ੍ਰਾਹੁਣਚਾਰ* | ਰੋਮੀਆਂ 12:13; ਇਬਰਾਨੀਆਂ 13:2 |
| 1 ਤਿਮੋਥਿਉਸ 3:2 | *ਸਿੱਖਿਆ ਦੇਣ ਯੋਗ* | ਇਬਰਾਨੀਆਂ 5:12 |
| 1 ਤਿਮੋਥਿਉਸ 3:3 | *ਪਿਅੱਕੜ ਨਹੀਂ (ਸ਼ਰਾਬੀ ਨਹੀਂ)* | ਤੀਤੁਸ 2:3; ਅਫ਼ਸੀਆਂ 5:18 |
| 1 ਤਿਮੋਥਿਉਸ 3:3 | *ਸੀਲ ਸੁਭਾਅ (ਸਹਿਨਸ਼ੀਲ)* | ਫ਼ਿਲਿੱਪੀਆਂ 4:5; ਕੁਲੁੱਸੀਆਂ 3:13; ਤੀਤੁਸ 3:2 |
| 1 ਤਿਮੋਥਿਉਸ 3:3 | *ਝਗੜਾਲੂ ਨਹੀਂ (ਨਾ ਲੜਾਕਾ; ਨਾ ਮੁੱਕੇਬਾਜ਼)* | ਯਾਕੂਬ 4:2; 2 ਤਿਮੋਥਿਉਸ 2:24 |
| 1 ਤਿਮੋਥਿਉਸ 3:3 | *ਨਾ ਪੈਸੇ ਦਾ ਲੋਭੀ* | 1 ਤਿਮੋਥਿਉਸ 6:10; 2 ਤਿਮੋਥਿਉਸ 3:2 |
| 1 ਤਿਮੋਥਿਉਸ 3:4 | *ਬੱਚੇ ਆਗਿਆਕਾਰੀ, ਇੱਜ਼ਤ ਕਰਨ ਵਾਲੇ ਹੋਣ* | ਅਫ਼ਸੀਆਂ 6:1-4 |
| 1 ਤਿਮੋਥਿਉਸ 3:7 | *ਬਾਹਰ ਵਾਲਿਆਂ ਵਿਚ ਨੇਕਨਾਮ* | 1 ਪਤਰਸ 2:12-16 |
| ਤੀਤੁਸ 1:8 | *ਨੇਕੀ ਦਾ ਪ੍ਰੇਮੀ (ਸਹੀ ਕੰਮ ਕਰਨ ਵਾਲਾ)* | ਕੁਲੁੱਸੀਆਂ 4:1 |
| ਤੀਤੁਸ 1:8 | *ਸੁਰਤ ਵਾਲਾ (ਪਵਿੱਤਰ)* | ਅਫ਼ਸੀਆਂ 4:24; 1 ਤਿਮੋਥਿਉਸ 2:8 |
| ਤੀਤੁਸ 1:8 | *ਸੰਜਮੀ (ਪ੍ਰਹੇਜ਼ਗਾਰ)* | ਗਲਾਤੀਆਂ 5:23 |

---

*ਐਲਡਰਾਂ ਦੀਆਂ ਤਿੰਨ ਯੋਗਤਾਵਾਂ ਹਨ ਜੋ ਹਰ ਮਸੀਹੀ ਵਿਚ ਹੋਣੀਆਂ ਜ਼ਰੂਰੀ ਨਹੀਂ ਹਨ। ਐਲਡਰ ''ਇੱਕੋ ਪਤਨੀ ਦਾ ਪਤੀ'' ਹੋਣਾ ਚਾਹੀਦਾ ਹੈ, ਉਹਦੇ ''ਬੱਚੇ ਵਿਸ਼ਵਾਸੀ'' ਹੋਣ ਅਤੇ ਉਹ ''ਨਵਾਂ ਚੇਲਾ'' ਨਾ ਹੋਵੇ (1 ਤਿਮੋਥਿਉਸ 3:2, 6; ਤੀਤੁਸ 1:6)। (ਵਿਆਹੁਤਾ ਮਸੀਹੀ ਦਾ ਇੱਕੋ ਹੀ ਜੀਵਨ ਸਾਥੀ ਹੋਣਾ ਜ਼ਰੂਰੀ ਹੈ, ਪਰ ਕੁਆਰੇ ਪੁਰਖ ਅਤੇ ਔਰਤਾਂ ਵੀ ਮਸੀਹੀ ਬਣ ਸਕਦੇ ਹਨ।)*